ਪਿਆਰੇ

ਸਟੌਕਪੋਰਟ ਕੌਂਸਲ ਇਸ ਗੱਲ ਲਈ ਵਚਨਬੱਧ ਹੈ ਕਿ ਇਸਦੇ ਨਿਵਾਸੀਆਂ ਨੂੰ ਇਨ੍ਹਾਂ ਸਰਦੀਆਂ ਵਿਚ ਲੋੜੀਂਦੀ ਸਹਾਇਤਾ ਅਤੇ ਮਦਦ ਮਿਲੇ।

ਸਾਨੂੰ ਇਹ ਐਲਾਨ ਕਰਕੇ ਖੁਸ਼ੀ ਹੋ ਰਹੀ ਹੈ ਕਿ ਸਕੂਲ-ਉਮਰ ਦੇ ਉਨ੍ਹਾਂ ਬੱਚਿਆਂ ਦੇ ਪਰਿਵਾਰਾਂ ਨੂੰ ਜੋ ਆਮਦਨ-ਆਧਾਰਿਤ ਫਰੀ ਸਕੂਲ ਮੀਲ ਭਾਵ ਖਾਣੇ ਦੇ ਹੱਕਦਾਰ ਹਨ, ਹਰ ਇਕ ਹੱਕਦਾਰ ਬੱਚੇ ਦੇ ਖਾਣੇ, ਸਹੂਲਤਾਂ ਅਤੇ ਸਿਆਲ ਦੀਆਂ ਹੋਰ ਜ਼ਰੂਰਤਾਂ ਵਾਸਤੇ 20 ਪੌਂਡ ਦਾ ਵਾਊਚਰ ਮਿਲੇਗਾ। ਇਹ ਵਾਓਚਰ ਸਕੂਲ ਦੀਆਂ ਹਾਫ਼ ਟਰਮ ਛੁੱਟੀਆਂ ਵੇਲੇ ਭੇਜੇ ਜਾਣਗੇ।

ਤੁਹਾਨੂੰ ਇਸ ਵਾਸਤੇ ਅਰਜ਼ੀ ਨਹੀਂ ਦੇਣੀ ਪਵੇਗੀ ਅਤੇ ਜਿਸ ਬੱਚੇ ਵਾਸਤੇ ਤੁਸੀਂ ਆਮਦਨ-ਆਧਾਰਿਤ ਮੁਫ਼ਤ ਸਕੂਲ ਖਾਣੇ ਵਾਸਤੇ ਕਲੇਮ ਕੀਤਾ ਹੋਇਆ ਹੈ, ਉਸ ਲਈ ਆਪਣੇ ਆਪ ਵਾਊਚਰ ਮਿਲ ਜਾਵੇਗਾ।

ਤੁਹਾਨੂੰ ਪੇਅ ਪੁਆਇੰਟ ਤੋਂ ਸਿੱਧੀ ਈਮੇਲ ਆਵੇਗੀ ਜਿਸ ਵਿਚ ਤੁਹਾਡਾ ਵਾਊਚਰ ਕੋਡ ਹੋਵੇਗਾ।

ਪੇਅ ਪੁਆਇੰਟ ਤੋਂ ਤੁਹਾਨੂੰ ਭੇਜੀ ਗਈ ਈਮੇਲ ਦਾ ਸਬਜੈਕਟ 'Cash Out Voucher' ਭਾਵ ਵਾਊਚਰ ਕੈਸ਼ ਕਰਵਾਓ ਹੋਵੇਗਾ। ਜਿੱਥੇ ਸਾਡੇ ਕੋਲ ਤੁਹਾਡੇ ਵਧੇਰੇ ਈਮੇਲ ਅਡਰੈੱਸ ਹੋਣਗੇ, ਅਸੀਂ ਤੁਹਾਨੂੰ ਵਾਊਚਰ ਕੋਡ ਕੇਵਲ ਤੁਹਾਡੇ ਉਸ ਪ੍ਰਾਇਮਰੀ ਈਮੇਲ ਪਤੇ ਉੱਪਰ ਭੇਜਾਂਗੇ ਜੋ ਸਾਡੇ ਕੋਲ ਹੋਵੇਗਾ।

ਜੇਕਰ ਤੁਹਾਡੇ ਇਨਬੌਕਸ ਵਿਚ 13 ਫ਼ਰਵਰੀ ਤੱਕ ਵਾਊਚਰ ਦਿਖਾਈ ਨਹੀਂ ਦਿੰਦਾ, ਤਾਂ ਆਪਣੇ ਸਪੈਮ ਭਾਵ ਜੰਕ ਫੋਲਡਰਾਂ ਵਿਚ ਦੇਖੋ।

ਇਸ ਈਮੇਲ ਵਿਚ ਇਕ ਬਾਰ ਕੋਡ ਹੋਵੇਗਾ। ਇਸ ਬਾਰ ਕੋਡ ਨੂੰ ਕਿਸੇ ਪੇਅਪੁਆਇੰਟ ਸਟੋਰ 'ਤੇ ਕੈਸ਼ੀਅਰ ਨੂੰ ਦਿਖਾਓ ਜੋ ਤੁਹਾਨੂੰ ਇਸਦੇ ਪੈਸੇ ਦੇ ਦੇਵੇਗਾ। ਕ੍ਰਿਪਾ ਕਰਕੇ ਨੋਟ ਕਰੋ ਕਿ ਇਹ ਵਾਊਚਰ ਈਮੇਲ ਦੀ ਤਰੀਕ ਤੋਂ 21 ਦਿਨ ਦੇ ਅੰਦਰ ਕੈਸ਼ ਕਰਾਉਣੇ ਹੋਣਗੇ। ਇਸਤੋਂ ਬਾਅਦ ਇਨ੍ਹਾਂ ਵਾਊਚਰਾਂ ਦੀ ਮਿਆਦ ਖਤਮ ਹੋ ਜਾਵੇਗੀ।

ਪੇਅਪੁਆਇੰਟ ਵੈੱਬਸਾਈਟ: https://consumer.paypoint.com/ 'ਤੇ ਅਜਿਹੇ ਸਟੋਰਾਂ ਜਾਂ ਦੁਕਾਨਾਂ ਦੀ ਸੂਚੀ ਦਿੱਤੀ ਗਈ ਹੈ। **ਤੁਹਾਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਪੇਅਪੁਆਇੰਟ ਵਾਊਚਰ ਕੈਸ਼ ਕਰਵਾਉਣ ਲਈ ਵੱਡੇ ਸਟੋਰਾਂ ਵਿਚ ਲਿਜਾਓ ਜਿਨ੍ਹਾਂ ਕੋਲ ਨਕਦੀ ਹੋਣ ਦੀ ਸੰਭਾਵਨਾ ਹੋਵੇ।**

ਇਸ ਵਾਊਚਰ ਨੂੰ ਕੈਸ਼ ਕਰਨ ਨਾਲ ਤੁਸੀਂ ਇਨ੍ਹਾਂ ਪੈਸਿਆਂ ਨੂੰ ਤਜਵੀਜ਼ ਕੀਤੇ ਮਕਸਦ ਲਈ ਖ਼ਰਚਣ ਦਾ ਵਾਅਦਾ ਕਰਦੇ ਹੋ ਜਿਸ ਵਿਚ ਖਾਣਾ, ਸਹੂਲਤਾਂ (ਬਾਲਣ, ਪਾਣੀ ਅਤੇ ਸੀਵਰੇਜ) ਅਤੇ ਸਰਦੀਆਂ ਲਈ ਹੋਰ ਜ਼ਰੂਰੀ ਸਾਮਾਨ ਸਮੇਤ ਸਫ਼ਾਈ ਦਾ ਸਮਾਨ, ਗਰਮ ਕੱਪੜੇ ਅਤੇ ਘਰ ਦੀਆਂ ਵਸਤਾਂ ਸ਼ਾਮਲ ਹਨ।

ਜੇਕਰ ਤੁਸੀਂ ਸਮਝਦੇ ਹੋ ਕਿ ਤੁਹਾਨੂੰ ਇਹ ਈਮੇਲ ਗਲਤੀ ਨਾਲ ਚਲੀ ਗਈ ਹੈ ਜਾਂ ਤੁਸੀਂ ਆਪਣੀ ਪ੍ਰਾਇਮਰੀ ਈਮੇਲ ਦੀ ਪੁਸ਼ਟੀ ਕਰਨਾ ਚਾਹੁੰਦੇ ਹੋ ਤਾਂ ਇਸ ਪਤੇ 'ਤੇ ਉੱਤਰ ਦਿਓ: benefitsfsm@stockport.gov.uk

ਜੇਕਰ ਤੁਹਾਨੂੰ ਦਸੰਬਰ ਵਿਚ ਤੁਹਾਡੀ ਹੱਕਦਾਰੀ ਤੋਂ ਵੱਧ ਪੈਸਿਆਂ ਦਾ ਵਾਊਚਰ ਮਿਲਿਆ ਸੀ ਤਾਂ ਤੁਹਾਨੂੰ ਇਸ ਮਹੀਨੇ ਹੋਰ ਵਾਊਚਰ ਨਹੀਂ ਮਿਲੇਗਾ।

ਜੇਕਰ ਤੁਹਾਨੂੰ ਕਿਸੇ ਮਦਦ ਜਾਂ ਸਹਾਇਤਾ ਦੀ ਲੋੜ ਹੈ ਤਾਂ ਜਾਂ ਇਸ ਪਤੇ 'ਤੇ ਦੇਖੋ:

https://www.stockport.gov.uk/topic/money-advice-and-support-coronavirus

ਜਾਂ ਕੌਂਸਲ ਦੀ ਕੋਰੋਨਾਵਾਇਰਸ ਵੈੱਲਫੇਅਰ ਲਾਈਨ 0161 217 6046 'ਤੇ ਸੰਪਰਕ ਕਰੋ।

ਕੋਰੋਨਾਵਾਇਰਸ ਹੈਲਪਲਾਈਨ ਸੋਮਵਾਰ ਤੋਂ ਵੀਰਵਾਰ ਤੱਕ ਸਵੇਰ 9 ਤੋਂ ਸ਼ਾਮ 5 ਵਜੇ ਤੱਕ ਅਤੇ ਸ਼ੁੱਕਰਵਾਰ ਸਵੇਰ 9 ਤੋਂ ਸ਼ਾਮ 4.30 ਤੱਕ ਖੁੱਲ੍ਹੀ ਰਹਿੰਦੀ ਹੈ।

ਜੇਕਰ ਅੰਗਰੇਜ਼ੀ ਤੁਹਾਡੀ ਪਹਿਲੀ ਬੋਲੀ ਨਹੀਂ ਹੈ ਅਤੇ ਤੁਹਾਨੂੰ ਇਹ ਚਿੱਠੀ ਸਮਝਣ ਵਿਚ ਮੁਸ਼ਕਲ ਪੇਸ਼ ਆ ਰਹੀ ਹੈ ਤਾਂ ਕ੍ਰਿਪਾ ਕਰਕੇ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰੋ।

ਸ਼ੁਭ ਇੱਛਾਵਾਂ

ਸਟੌਕਪੋਰਟ ਕੌਂਸਲ